Tasmanian Electoral Commission

# ਇਨ੍ਹਾਂ ਲੈਜਿਸਲੇਟਿਵ ਕੌਂਸਲ (ਵਿਧਾਨ ਪ੍ਰੀਸ਼ਦ) ਦੀਆਂ ਚੋਣਾਂ ਵਿੱਚ ਵੋਟ ਪਾਉਣ ਲਈ ਮਾਰਗਦਰਸ਼ਕ ਗਾਈਡ

## ਯਾਦ ਰੱਖੋ:

- ▶ ਤੁਸੀਂ ਕਿਸੇ ਵੀ ਸਮੇਂ ਮਦਦ ਮੰਗ ਸਕਦੇ ਹੋ ਜਾਂ ਕਿਸੇ ਨੂੰ ਆਪਣੀ ਗੱਲ ਦੁਬਾਰਾ ਕਹਿਣ ਲਈ ਕਹਿ ਸਕਦੇ ਹੋ।
- ▶ ਜੇਕਰ ਤੁਸੀਂ ਕੋਈ ਗ਼ਲਤੀ ਕਰਦੇ ਹੋ ਤਾਂ ਤੁਸੀਂ ਇੱਕ ਨਵਾਂ ਬੈਲਟ ਪੇਪਰ ਮੰਗ ਸਕਦੇ ਹੋ।
- ▶ ਤੁਹਾਡੀ ਵੋਟ ਤੁਹਾਡੀ ਆਪਣੀ ਮਰਜ਼ੀ ਹੈ।
- ▶ ਤੁਹਾਡੀ ਵੋਟ ਗੁਪਤ ਹੁੰਦੀ ਹੈ।

## 1 ਤੁਸੀਂ ਪੋਲਿੰਗ ਸਥਾਨ ‘ਤੇ ਪਹੁੰਚ ਗਏ ਹੋ - ਹੁਣ ਕੀ ਹੋਵੇਗਾ?

ਇੱਕ ਪੋਲਿੰਗ ਸਟਾਫ਼ ਮੈਂਬਰ ਤੁਹਾਡੀ ਵੋਟ ਪਾਉਣ ਦੀ ਯੋਗਤਾ ਦੀ ਜਾਂਚ ਕਰਨ ਲਈ ਤਿੰਨ ਸਵਾਲ ਪੁੱਛੇਗਾ:

- 'ਤੁਹਾਡਾ ਪੂਰਾ ਨਾਮ ਕੀ ਹੈ?' - ਉਨ੍ਹਾਂ ਨੂੰ ਆਪਣਾ ਪੂਰਾ ਨਾਮ ਦੱਸੋ। ਜੇਕਰ ਅਜਿਹਾ ਕਰਨਾ ਮਦਦਗਾਰ ਹੋਵੇ, ਤਾਂ ਤੁਸੀਂ ਉਸ ਸਟਾਫ਼ ਮੈਂਬਰ ਨੂੰ ਆਪਣੇ ਨਾਮ ਵਾਲਾ ਪਛਾਣ ਪੱਤਰ ਦਿਖਾ ਸਕਦੇ ਹੋ (ਜਿਵੇਂ ਕਿ ਡਰਾਈਵਿੰਗ ਲਾਇਸੈਂਸ, ਹੈਲਥ ਕੇਅਰ ਕਾਰਡ)।
- ‘ਤੁਸੀਂ ਕਿੱਥੇ ਰਹਿੰਦੇ ਹੋ?’ - ਉਨ੍ਹਾਂ ਨੂੰ ਆਪਣਾ ਰਿਹਾਇਸ਼ੀ ਪਤਾ ਦੱਸੋ।
- ‘ਕੀ ਤੁਸੀਂ ਇਸ ਚੋਣ ਵਿੱਚ ਪਹਿਲਾਂ ਵੋਟ ਪਾਈ ਹੈ?’ - ਉਹ ਤੁਹਾਨੂੰ ਇਹ ਇਸ ਲਈ ਪੁੱਛਦੇ ਹਨ ਕਿਉਂਕਿ ਤੁਸੀਂ ਇੱਕ ਚੋਣ ਵਿੱਚ ਸਿਰਫ਼ ਇੱਕ ਵਾਰ ਹੀ ਵੋਟ ਪਾ ਸਕਦੇ ਹੋ।

## 2 ਤੁਹਾਨੂੰ ਇੱਕ ਬੈਲਟ ਪੇਪਰ ਦਿੱਤਾ ਜਾਵੇਗਾ

- ਜਦੋਂ ਤੁਹਾਨੂੰ ਆਪਣਾ ਬੈਲਟ ਪੇਪਰ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਬੈਲਟ ਪੇਪਰ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਜਾਵੇਗਾ।
- ਇਹ ਹਿਦਾਇਤਾਂ ਬੈਲਟ ਪੇਪਰ ਦੇ ਉੱਪਰਲੇ ਹਿੱਸੇ 'ਤੇ ਲਿਖੀਆਂ ਹੁੰਦੀਆਂ ਹਨ।
- ਜੇਕਰ ਤੁਹਾਨੂੰ ਸਮਝ ਨਾ ਆਵੇ, ਤਾਂ ਤੁਸੀਂ ਪੋਲਿੰਗ ਸਟਾਫ਼ ਮੈਂਬਰ ਤੋਂ ਮਦਦ ਮੰਗ ਸਕਦੇ ਹੋ।

## 3 ਆਪਣੇ ਬੈਲਟ ਪੇਪਰ ਨੂੰ ਵੋਟਿੰਗ ਸਕ੍ਰੀਨ ਕੋਲ ਲੈ ਜਾਓ:

- ਵੋਟਿੰਗ ਸਕ੍ਰੀਨ 'ਤੇ ਇੱਕ ਪੈਨਸਿਲ ਦਿੱਤੀ ਜਾਂਦੀ ਹੈ, ਪਰ ਜੇਕਰ ਤੁਹਾਡੇ ਕੋਲ ਪੈੱਨ ਹੈ ਤਾਂ ਤੁਸੀਂ ਪੈੱਨ ਦੀ ਵਰਤੋਂ ਕਰ ਸਕਦੇ ਹੋ।
- ਤੁਹਾਡੇ ਬੈਲਟ ਪੇਪਰ 'ਤੇ, ਹਰੇਕ ਉਮੀਦਵਾਰ ਦੇ ਨਾਮ ਦੇ ਖੱਬੇ ਪਾਸੇ ਇੱਕ ਡੱਬਾ ਬਣਿਆ ਹੁੰਦਾ ਹੈ।
- ਆਪਣੀ ਪਸੰਦ ਦੇ ਕ੍ਰਮ ਵਿੱਚ ਸਾਰੇ ਡੱਬਿਆਂ ਵਿੱਚ ਨੰਬਰ ਲਿਖੋ।
- ਤੁਹਾਡੀ ਪਹਿਲੀ ਪਸੰਦ ਲਈ, ਤੁਸੀਂ ਉਸ ਉਮੀਦਵਾਰ ਦੇ ਖੱਬੇ ਪਾਸੇ ਵਾਲੇ ਡੱਬੇ ਵਿੱਚ '1' ਲਿਖੋਗੇ।
- ਤੁਹਾਡੀ ਦੂਜੀ ਪਸੰਦ ਲਈ, ਤੁਸੀਂ ਉਸ ਉਮੀਦਵਾਰ ਦੇ ਖੱਬੇ ਪਾਸੇ ਵਾਲੇ ਡੱਬੇ ਵਿੱਚ '2' ਲਿਖੋਗੇ।
- ਇਸੇ ਤਰ੍ਹਾਂ ਸਾਰੇ ਡੱਬਿਆਂ ਵਿੱਚ ਨੰਬਰ ਲਿਖਣਾ ਜਾਰੀ ਰੱਖੋ, ਅਤੇ ਹਰ ਨੰਬਰ ਦੀ ਵਰਤੋਂ ਸਿਰਫ਼ ਇੱਕ ਵਾਰ ਕਰੋ।
- **ਯਾਦ ਰੱਖੋ**: ਡੱਬਿਆਂ ਨੂੰ ਨਿਸ਼ਾਨਬੱਧ ਕਰਨ ਲਈ ਸਿਰਫ਼ ਨੰਬਰ ਹੀ ਵਰਤੋਂ।
- ਆਪਣੇ ਬੈਲਟ ਪੇਪਰ ‘ਤੇ ਆਪਣਾ ਨਾਮ **ਨਾ ਲਿਖੋ** ਅਤੇ ਦਸਤਖ਼ਤ **ਨਾ ਕਰੋ।**

## 4 ਆਪਣੇ ਬੈਲਟ ਪੇਪਰ ਨੂੰ ਵੋਟ ਪੇਟੀ ਵਿੱਚ ਪਾਓ:

- ਵੋਟ ਪੇਟੀ ਦੇ ਕੋਲ ਪੋਲਿੰਗ ਸਟਾਫ਼ ਦਾ ਇੱਕ ਮੈਂਬਰ ਖੜ੍ਹਾ ਹੋਵੇਗਾ।
- ਆਪਣੀ ਵੋਟ ਨੂੰ ਗੁਪਤ ਰੱਖਣ ਲਈ ਆਪਣੇ ਬੈਲਟ ਪੇਪਰ ਨੂੰ ਮੋੜੋ।